# ਗੁਰ ਗਿਆਨ ਲਰਨਿੰਗ ਸੈਂਟਰ

(ਔਨ ਲਾਈਨ ਅਕੈਡਮੀ)

gurgyanlearningcentre@gmail.com  Website: www.sikhcommunity.net

Phone: +1-639-590-4464


*********************************************************************************

| ਭਾਈ ਤਾਰੂ ਪੋਪਟ | Bhai Taroo Popat |
|---|---|
| ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਗਿਆਰਵੀਂ ਵਾਰ ਵਿੱਚ (13 ਨੰਬਰ ਪਾਉੜੀ ਤੋਂ 31 ਨੰਬਰ ਪਾਉੜੀ ਤੱਕ) ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈਕੇ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ 6 ਗੁਰੂ ਸਾਹਿਬਾਨਾਂ ਦੇ ਗੁਰਸਿੱਖਾਂ ਦੇ ਨਾਵਾਂ ਬਾਰੇ ਅਤੇ ਉਹਨਾਂ ਦੇ ਜੀਵਨ ਦੀ ਵਿਸ਼ੇਸ਼ਤਾ ਵਾਰੇ ਸੰਖੇਪ ਲਿਖਿਆ ਹੈ। ਉਹਨਾਂ ਨਾਵਾਂ ਵਿੱਚੋਂ ਸਭ ਤੋਂ ਪਹਿਲਾਂ ਨਾਮ ਭਾਈ ਤਾਰੂ ਪੋਪਟ ਜੀ ਦਾ ਲਿਖਿਆ ਹੋਇਆ ਹੈ।<br>ਇਹ ਲਹੌਰ ਦਾ ਰਹਿਣ ਵਾਲਾ ਗੁਰਸਿੱਖ ਹੋਇਆ ਹੈ। ਇਹ ਬਚਪਨ ਦੀ ਉਮਰ ਵਿੱਚ ਹੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਮਿਲਿਆ ਅਤੇ ਬਹੁਤ ਹੀ ਨਿਮਰਤਾ ਅਤੇ ਸਤਿਕਾਰ ਸਹਿਤ ਗੁਰੂ ਚਰਨਾਂ ਵਿੱਚ ਆ ਕੇ ਬੈਠ ਗਿਆ। ਗੁਰੂ ਸਾਹਿਬ ਜੀ ਨੂੰ ਪੁੱਛਣ ਲੱਗਿਆ ਕਿ, "ਸਤਿਗੁਰੂ ਜੀ! ਮੇਰਾ ਨਾਮ 'ਤਾਰੂ' ਹੈ ਜੀ। ਮੈਂ ਸੁਣਿਆ ਹੈ ਕਿ ਰੱਬੀ ਪਿਆਰ ਵਿੱਚ ਭਿੱਜੇ ਮਹਾਂਪੁਰਸ਼ਾਂ ਦੇ ਬਚਨਾਂ ਸੁਣ ਕੇ ਮਨ ਨੂੰ ਸ਼ਾਂਤੀ ਵੀ ਮਿਲਦੀ ਹੈ ਅਤੇ ਜੀਵਨ ਸਫਲ ਕਰਨ ਦੀਆ ਸਿੱਖਿਆਵਾਂ ਵੀ ਮਿਲਦੀਆਂ ਹਨ। ਇਸ ਕਰਕੇ ਮੈਂ ਆਪ ਜੀ ਦੀ ਸ਼ਰਣ ਵਿੱਚ ਆਇਆ ਹਾਂ।"<br>ਗੁਰੂ ਨਾਨਕ ਪਾਤਸ਼ਾਹ ਜੀ ਨੇ ਪੁੱਛਿਆ ਕਿ, "ਤੈਨੂੰ ਇਤਨੀ ਛੋਟੀ ਉਮਰ ਵਿੱਚ ਮਨ ਦੀ ਸ਼ਾਤੀ ਅਤੇ ਜੀਵਨ ਸਫਲ ਕਰਨ ਦੀਆਂ ਸਿੱਖਿਆਵਾਂ ਪ੍ਰਾਪਤ ਕਰਨ ਦੀ ਇੱਛਾ ਕਿਵੇਂ ਪ੍ਰਾਪਤ ਹੋਈ ਹੈ?"<br>ਭਾਈ ਤਾਰੂ ਜੀ ਦਾ ਜਵਾਬ ਸੀ ਕਿ, "ਜੀ! ਮੇਰੀ ਮਾਂ ਘਰ ਵਿੱਚ ਜਦੋਂ ਚੁੱਲੇ ਵਿੱਚ ਅੱਗ ਬਾਲਦੀ ਹੈ ਤਾਂ ਪਹਿਲਾਂ ਛੋਟੀਆਂ ਲੱਕੜਾਂ ਸੜ ਜਾਂਦੀਆਂ ਹਨ ਅਤੇ ਬਾਦ ਵਿੱਚ ਵਡੀਆਂ ਲੱਕੜਾਂ ਨੂੰ ਵੀ ਅੱਗ ਸਾੜ ਦਿੰਦੀ ਹੈ। ਇਹ ਦੇਖ ਕੇ ਮੇਰੇ ਮਨ ਵਿੱਚ ਰੱਬੀ ਭੈਅ ਪੈਦਾ ਹੋ ਗਿਆ ਹੈ ਕਿ ਮੌਤ ਦਾ ਕੀ ਪਤਾ ਹੈ ਕਦੋਂ ਆ ਜਾਵੇ। ਇਸ ਕਰਕੇ ਸਫਲ ਜੀਵਨ ਜਿਉਣ ਦੀ ਜੁਗਤ ਸਿੱਖਣ ਲਈ ਆਪ ਜੀ ਦੀ ਸ਼ਰਣ ਵਿੱਚ ਆਇਆ ਹਾਂ ਜੀ।" | In the eleventh Vaar of Bhai Gurdas Ji's (from Pauri No. 13 to Pauri No. 31) the names of Gursikhs of 6 Gurus (from Guru Nanak Patshah Ji to Guru Hargobind Sahib Ji) are briefly described. The first of those names is Bhai Taroo Popat Ji.<br>He is a Gursikh from Lahore (Pakistan). He met Guru Nanak Patshah Ji at an early age and came and sat at Guru's feet with great humility and respect. Guru Sahib Ji started asking, "Satguru Ji! My name is Taroo. I have heard that listening to the words of great personalities soaked in divine love also gives peace of mind and teachings on how to make life successful. That is why I have come to your shelter. "<br>Guru Nanak Patshah Ji asked, "How did you get the peace of mind and the desire to succeed in life at such a young age?"<br>Bhai Taroo's reply was, "Yes! When my mother lights a fire in the stove in the house, first the small wood burns and later the big wood also burns. Seeing this, a divine fear has arisen in my mind as to when death will come. That is why I have come to your shelter to learn how to live a successful life. "<br>Guru Sahib was very happy to see the feelings and experience of this child |

ਇਸ ਬੱਚੇ (ਭਾਈ ਤਾਰੂ ਜੀ) ਦੀ ਭਾਵਨਾਂ ਅਤੇ ਅਨੁਭਵਤਾ ਦੇਖ ਕੇ ਗੁਰੂ ਸਾਹਿਬ ਜੀ ਬਹੁਤ ਖੁਸ਼ ਹੋਏ ਅਤੇ ਕਿਹਾ ਕਿ, "ਭਾਈ ਤਾਰੂ! ਤੇਰਾ ਜੀਵਨ ਲੋਕਾਂ ਲਈ ਪ੍ਰੇਰਨਾਦਾਇਕ ਹੋਵੇਗਾ। ਤੇਰੇ ਜੀਵਨ ਅਤੇ ਤੇਰੇ ਵੱਲੋਂ ਦਿੱਤੀਆਂ ਪ੍ਰੇਰਨਾਵਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਸੰਸਾਰ ਸਮੁੰਦਰ ਦੀਆਂ ਬਿਕਾਰਾਂ ਦੀਆਂ ਲਹਿਰਾਂ ਵਿੱਚ ਡੁੱਬਣ ਤੋਂ ਬਚਣ ਦੀ ਜੁਗਤ ਸਿੱਖਣਗੇ।"

ਇਸ ਤਰਾਂ ਬਚਨ ਕਰਕੇ ਗੁਰੂ ਸਾਹਿਬ ਜੀ ਨੇ ਇਸ ਨੂੰ 3 ਸਿੱਖਿਆਵਾਂ ਦਿੱਤੀਆਂ।

1. ਤੂੰ ਹਮੇਸ਼ਾਂ ਇਮਾਨਦਾਰੀ ਦੀ ਕਿਰਤ (ਧਰਮ ਦੀ ਕਿਰਤ) ਕਰਦਿਆਂ, ਪਰਉਪਕਾਰ ਕਰਦੇ ਰਹਿਣਾ।
2. ਹਰ ਸਮੇਂ ਆਪਣੇ ਚਿੱਤ (ਚੇਤਾ ਸ਼ਕਤੀ) ਵਿੱਚ ਵਾਹਿਗੁਰੂ ਜੀ ਦੀ ਮਿੱਠੀ ਮਿੱਠੀ ਯਾਦ ਦਾ ਰਸ ਮਾਨਣਾ ਹੈ ਅਤੇ ਜਿੰਦਗੀ ਦਾ ਹਰੇਕ ਫੈਸਲਾ ਰੱਬ ਦੀ ਭੈਅ ਭਾਵਨੀ ਵਿੱਚ ਲੈਣਾ ਹੈ।
3. ਮਨ ਨੂੰ ਈਰਖਾ, ਨਫਰਤ ਅਤੇ ਮੋਹ ਵਿੱਚੋਂ ਪੈਦਾ ਹੋਣ ਵਾਲੀ ਧੜੇਬੰਦੀਆਂ ਵਾਲੀ (ਰਾਗ ਦਵੈਸ਼ ਵਾਲੀ) ਸੋਚ ਤੋਂ ਬਚ ਕੇ ਰਹਿਣਾ ਹੈ। ਗੁਣਾਂ ਵਾਲਾ ਜੀਵਨ ਜਿਉਂਦਿਆਂ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਿੱਚ ਰਹਿਣਾ ਹੈ।

ਇਸ ਤਰਾਂ ਭਾਈ ਤਾਰੂ ਜੀ ਨੂੰ ਸਿੱਖਿਆ ਦਿੰਦਿਆਂ ਗੁਰੂ ਸਾਹਿਬ ਜੀ ਨੇ ਇੱਕ ਪ੍ਰਚਾਲਤ ਕਹਾਣੀ ਸੁਣਾਈ ਕਿ ਇੱਕ ਰਾਜੇ ਦੇ ਮਹਿਲ ਵਿੱਚ ਇੱਕ ਦੀਵਾਰ ਤੇ ਬਹੁਤ ਕੀਮਤੀ ਸੋਨੇ ਦੀਆਂ ਮੂਰਤੀਆਂ ਜੜੀਆਂ ਹੋਈਆਂ ਸਨ, ਜਿਹਨਾਂ ਉੱਤੇ ਹੀਰੇ ਜੜੇ ਹੋਏ ਸਨ। ਦੂਜੀ ਦੀਵਾਰ ਉੱਪਰ ਸ਼ੀਸ਼ਾ (Mirror) ਲੱਗਾ ਹੋਇਆ ਸੀ। ਇਸ ਤਰਾਂ ਭਾਵੇਂ ਮੂਰਤੀਆਂ ਇੱਕੋ ਪਾਸੇ ਹੀ ਸਨ ਪਰ ਦੋਵੇਂ ਦੀਵਾਰਾਂ ਸੋਨੇ ਜੜਤ ਮੂਰਤੀਆਂ ਵਾਲੀਆਂ ਹੀ ਦਿੱਸਦੀਆਂ ਸਨ। ਇਸੇ ਤਰਾਂ ਜਦੋਂ ਰੱਬੀ ਪਿਆਰ, ਰੱਬੀ ਯਾਦ ਅਤੇ ਗੁਣਾਂ ਵਾਲਾ ਪਰਉਪਕਾਰੀ ਜੀਵਨ ਜਿਉਂਦੇ ਹਾਂ ਤਾਂ ਸਾਨੂੰ ਸੰਸਾਰ ਵਿੱਚ ਵਾਪਰਨ ਵਾਲੇ ਹਰ ਦੁਖ ਸੁਖ ਦੇ ਵਰਤਾਰੇ

(Bhai Taroo Ji) and said, "Bhai Taroo! Your life will be an inspiration to people. Influenced by your life and the inspirations you give, people will learn how to avoid drowning in the waves of the world's oceans.

By saying this, Guru Sahib gave him 3 teachings.

1. Always do the work of honesty (work of religion), keep on doing good deeds.
2. To enjoy the sweet remembrance of God in one's mind at all times and to make every decision of life in the fear of God.
3. The mind has to stay away from the factional thinking (Raag Davesh) that arises out of jealousy, hatred and attachment. Living a life of virtues is to live in gratitude to God.

Thus teaching Bhai Taroo Ji, Guru Sahib Ji narrated a popular story that in a king's palace there was a wall with very precious gold idols inlaid with diamonds. There was a mirror on the other wall. In this way, although the idols were on the same side, both the walls looked like gold inlaid idols.

In the same way when we live a benevolent life of divine love, divine remembrance, and virtues, we are constantly inspired to become benevolent by every phenomenon of happiness and sorrow that takes place

ਵਿੱਚੋਂ ਪਰਉਪਕਾਰੀ ਬਨਣ ਦੀਆਂ ਪ੍ਰੇਰਨਾਵਾਂ ਮਿਲਦੀਆਂ ਰਹਿੰਦੀਆਂ ਹਨ।

ਗੁਰੂ ਸਾਹਿਬ ਜੀ ਨਾਲ ਹੋਈ ਇਸ ਮਿਲਣੀ ਦਾ ਭਾਈ ਤਾਰੂ ਜੀ ਦੇ ਮਨ ਉੱਤੇ ਬਹੁਤ ਅਸਰ ਪਿਆ। ਉਹ ਬਚਪਨ ਤੋਂ ਹੀ ਗੁਰੂ ਜੀ ਦੇ ਦਿੱਤੇ ਗਿਆਨ ਅਨੁਸਾਰ ਪਰਉਪਕਾਰੀ ਜੀਵਨ ਜਿਉਣ ਲੱਗ ਪਿਆ। ਉਸ ਨੇ ਲੋਕਾਂ ਦੇ ਭਲੇ ਲਈ ਆਪਾ ਵਾਰ ਕੇ ਸੇਵਾ ਕਰਨਾ ਜਿੰਦਗੀ ਦਾ ਮਕਸਦ ਬਣਾ ਲਿਆ।

ਜਦੋਂ ਵੱਡਾ ਹੋਇਆ ਤਾ ਜਿਸ ਸਮੇਂ ਬਾਬਰ ਨੇ ਹਿੰਦੋਸਤਾਨ ਨੂੰ ਲੁੱਟਿਆ ਅਤੇ ਵਾਪਸ ਮੁੜਣ ਸਮੇਂ ਲਹੌਰ ਵਿੱਚ ਜਸ਼ਨ ਮਨਾਉਂਦਿਆ, ਘਰਾਂ ਅਤੇ ਦੁਕਾਨਾਂ ਨੂੰ ਅੱਗ ਲਾ ਲਾ ਦਿੱਤੀ। ਦੇਖਦੇ ਦੇਖਦੇ ਇਹ ਅੱਗ ਬਹੁਤ ਫੈਲ ਗਈ। ਉਸ ਸਮੇਂ ਸਾਰੇ ਲੋਕ ਡਰੇ ਹੋਏ ਆਪਣੇ ਆਪਣੇ ਘਰਾਂ ਵਿੱਚ ਬੈਠ ਗਏ।

ਭਾਈ ਤਾਰੂ ਜੀ ਨੇ ਇੱਕ ਬਾਲਟੀ ਚੁੱਕੀ ਅਤੇ ਪਾਣੀ ਭਰ ਕੇ ਅੱਗ ਬੁਝਾਉਣ ਤੁਰ ਪਿਆ। ਕਿਸੇ ਨੇ ਕਿਹਾ ਕਿ, "ਭਾਈ ਤਾਰੂ! ਤੇਰੀ ਇੱਕ ਬਾਲਟੀ ਨਾਲ ਇਹ ਇੰਨੀ ਵੱਡੀ ਅੱਗ ਨਹੀਂ ਬੁਝਣੀ।"

ਭਾਈ ਤਾਰੂ ਕਹਿਣ ਲੱਗਾ ਕਿ, "ਅੱਗ ਬੁਝੇ ਭਾਵੇਂ ਨਾ ਬੁਝੇ, ਮੈਂ ਤਾਂ ਆਪਣੇ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਮੰਨਣਾ ਹੈ। ਉਹਨਾਂ ਕਿਹਾ ਹੈ ਕਿ ਜੀਵਨ ਵਿੱਚ ਪਰਉਪਕਾਰ ਲਈ ਆਪਾ ਵਾਰਦੇ ਰਹਿਣਾ ਹੈ।"

ਇਸ ਤਰਾਂ ਭਾਈ ਤਾਰੂ ਜੀ ਦੇ ਜ਼ਜ਼ਬੇ ਦਾ ਲੋਕਾਂ ਦੇ ਮਨਾਂ ਉੱਪਰ ਐਸਾ ਅਸਰ ਪਿਆ ਕਿ ਦੇਖੋ ਦੇਖੀ ਹੋਰ ਲੋਕ ਵੀ ਅੱਗ ਬੁਝਾਉਣ ਉੱਠੇ ਅਤੇ ਇਤਿਹਾਸ ਗਵਾਹ ਹੈ ਕਿ ਥੋੜੇ ਸਮੇਂ ਵਿੱਚ ਹੀ ਅੱਗ ਤੇ ਕਾਬੂ ਪਾ ਲਿਆ ਗਿਆ। ਇਸ ਤਰਾਂ ਗੁਰੂ ਸਾਹਿਬ ਜੀ ਦੇ ਬਚਨ ਸੱਚ ਸਿੱਧ ਹੋਏ ਕਿ, "ਭਾਈ ਤਾਰੂ! ਤੇਰਾ ਜੀਵਨ ਲੋਕਾਂ ਲਈ ਪ੍ਰੇਰਨਾਦਾਇਕ ਹੋਵੇਗਾ। ਤੇਰੇ ਜੀਵਨ ਅਤੇ ਤੇਰੇ ਵੱਲੋਂ ਦਿੱਤੀਆਂ ਪ੍ਰੇਰਨਾਵਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਸੰਸਾਰ ਸਮੁੰਦਰ ਦੀਆਂ ਬਿਕਾਰਾਂ ਦੀਆਂ ਲਹਿਰਾਂ ਵਿੱਚ ਡੁੱਬਣ

in the world.

This meeting with Guru Sahib had a profound effect on Bhai Taroo's mind. From an early age he began to live a benevolent life according to the Guru's teachings. He made self-serving for the good of the people his purpose in life.

When he grew up, Babar plundered India and, on his way, back, celebrating in Lahore, set fire to houses and shops. The fire spread like wildfire. At that time all the people sat down in their homes in fear.

Bhai Taroo Ji picked up a bucket and filled it with water and went to put out the fire. Someone said, "Bhai Taroo! One of your buckets will not put out such a big fire."

Bhai Taroo said, "Even if the fire is extinguished, I have to obey the Hukam of my Guru Sahib Ji. He has said that in life one has to be self-sacrificing for Benevolence."

In this way the spirit of Bhai Taroo Ji had such an effect on the minds of the people that other people also got up to put out the fire and history has shown that the fire was brought under control in a short time. Thus, the words of Guru Sahib Ji came true that, "Bhai Taroo! Your life will be an inspiration to people. Influenced by your life and the inspirations you give; people will learn

gurgyanlearningcentre@gmail.com Website: www.sikhcommunity.net

Phone: +1-639-590-4464


******************************************************************************

| | |
|---|---|
| ਤੋਂ ਬਚਣ ਦੀ ਜੁਗਤ ਸਿੱਖਣਗੇ।" <br> ਸਿੱਖਿਆ: ਸਾਨੂੰ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਅਮਲੀ ਜੀਵਨ ਵਿੱਚ ਜਿਉਣਾ ਚਾਹੀਦਾ ਹੈ ਅਤੇ ਆਪਣੇ ਮਨ ਵਿੱਚ ਹਮੇਸ਼ਾਂ ਪਰਉਪਕਾਰ ਲਈ ਸਮਰਪਿਤ ਭਾਵਨਾ ਬਣਾ ਕੇ ਰੱਖਣੀ ਚਾਹੀਦੀ ਹੈ। ਸਾਡੇ ਗੁਰੂ ਸਾਹਿਬ ਜੀ ਦਾ ਸਾਨੂੰ ਦਿੱਤਾ ਹੋਇਆ ਮਿਸਨ ਹੈ: 'ਸਰਬਤ ਦਾ ਭਲਾ'।" | how to avoid drowning in the waves of the world's oceans." <br> Moral: We should live the teachings of Gurbani in our practical life and keep a feeling of devotion to Benevolence in our mind forever. The mission given to us by our Guru Sahib Ji is: "Sarbat Da Bhalla". |

******************************************************************************







## To do 'Sehaj Path with meanings':

ਇਹ ਲਹਿਰ ਘਰ ਘਰ ਤੱਕ ਪਹੁੰਚਾ ਦੇਵੋ ਜੀ: ਰੋਜ਼ਾਨਾਂ ਅੱਧਾ ਘੰਟਾ 'ਗੁਰੂ ਸਾਹਿਬ ਜੀ' ਨਾਲ ਬਿਤਾਉ ਅਤੇ ਸਭ ਤੋਂ ਸੌਖੇ ਤਰੀਕੇ ਨਾਲ ਯੂ-ਟਿਊਬ ਰਾਹੀਂ "ਅਰਥਾਂ ਸਮੇਤ ਸਹਿਜ ਪਾਠ" ਕਰਨ ਲਈ ਕਲਿੱਕ ਕਰੋ ਜੀ। Spend half an hour daily with Guru Sahib Ji and click below to do "Sehaj Paath with Meaning" through YouTube, in the easiest way:

- ✓ go to https://youtube.com/playlist?list=PLFISojhXryWp70Dt4zaX_3CGTTE9bpavp
- ✓ Click on button SUBSCRIBE
- ✓ click on Playlist 'SGGS Sehaj Path with Menings'

******************************************************************************